BRAMPTON Flower City
brampton.ca

media release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਵਿਲੀਅਮਸ ਪਾਰਕਵੇ ਫਾਇਰ ਕੈਂਪਸ ਦਾ ਨਿਰਮਾਣ ਸ਼ੁਰੂ ਕੀਤਾ

ਬ੍ਰੈਂਪਟਨ, ਓਨਟੈਰੀਓ (3 ਦਸੰਬਰ, 2019) – ਅੱਜ, ਮੇਅਰ, ਕਾਉਂਸਲਰਾਂ ਅਤੇ ਸਿਟੀ ਆਫ ਬ੍ਰੈਂਪਟਨ ਨੇ ਵਿਲੀਅਮਸ ਪਾਰਕਵੇ ਫਾਇਰ ਕੈਂਪਸ (Williams Parkway Fire Campus) ਲਈ ਸ਼ਾਨਦਾਰ ਸਮਾਰੋਹ ਦੀ ਮੇਜਬਾਨੀ ਕੀਤੀ।

ਇਸ ਬਿਲਕੁੱਲ ਆਧੁਨਿਕ ਅਤੇ ਸੈਂਟਰਲਾਈਜ਼ਡ (ਕੇਂਦਰੀਕ੍ਰਿਤ) ਫੈਸਿਲਿਟੀ ਦੀ 2022 ਵਿੱਚ ਖੁੱਲ੍ਹਣ ਦੀ ਸੰਭਾਵਨਾ ਹੈ। ਇਹ ਬ੍ਰੈਂਪਟਨ ਦੇ ਫਾਇਰ ਹੈਡਕੁਆਰਟਰਾਂ (Fire Headquarters), ਪ੍ਰੀਵੈਨਸ਼ਨ ਡਿਵੀਜਨ (Prevention Division), ਨਵੇਂ ਫਾਇਰ ਸਟੇਸ਼ਨ 203 (Fire Station 203), ਐਮਰਜੈਂਸੀ ਓਪਰੇਸ਼ਨਸ ਸੈਂਟਰ (Emergency Operations Centre), ਐਮਰਜੈਂਸੀ ਮੇਜਰਸ ਔਫਿਸ (Emergency Measures Office) ਅਤੇ ਇਨਡੋਰ ਅਤੇ ਆਉਟਡੋਰ ਫਾਇਰ ਟ੍ਰੇਨਿੰਗ (Fire Training) ਫੈਸਿਲਿਟੀਜ ਲਈ ਮੁੱਖ ਕੇਂਦਰ ਹੋਵੇਗੀ।

ਇਸਦੀਆਂ ਝਲਕੀਆਂ ਵਿੱਚ ਸ਼ਾਮਲ ਹਨ:

- ਅੱਗ ਦੀ ਰੋਕਥਾਮ, ਇਸਤੋਂ ਰਾਹਤ, ਤਿਆਰੀ, ਪ੍ਰਤੀਕਿਰਿਆ ਅਤੇ ਰਿਕਵਰੀ ਦੇ ਖੇਤਰਾਂ ਵਿੱਚ ਪ੍ਰਬੰਧ ਕਰਨ, ਟ੍ਰੇਨਿੰਗ ਦੇਣ, ਸਿੱਖਿਆ ਦੇਣ, ਰਿਸਰਚ ਕਰਨ ਅਤੇ ਨਵੀਆਂ ਪਹਿਲਕਦਮੀਆਂ ਵਿਕਸਿਤ ਕਰਨ ਲਈ 70,000 ਵਰਗ ਫੁੱਟ ਤੋਂ ਵੱਧ ਦੀ ਥਾਂ।
- ਇੱਕ ਲਾਈਵ ਫਾਇਰ ਟ੍ਰੇਨਿੰਗ ਬਿਲਡਿੰਗ ਪੂਰਾ ਸਾਲ ਉਪਲਬਧ ਹੋਵੇਗੀ ਅਤੇ ਦੂਜੀ ਬਿਲਡਿੰਗ ਵਿੱਚ ਨਵੇਂ ਭਰਤੀ ਹੋਏ ਕਰਮਚਾਰੀਆਂ ਅਤੇ ਮੌਜੂਦਾ ਫਾਇਰਫਾਈਟਰਾਂ ਨੂੰ ਇੱਕੋ ਸਮੇਂ ਟ੍ਰੇਨਿੰਗ ਦਿੱਤੀ ਜਾ ਸਕੇਗੀ
- ਬ੍ਰੈਂਪਟਨ ਦੇ ਉਹਨਾਂ ਫਾਇਰਫਾਈਟਰਾਂ ਦੀ ਯਾਦ ਵਿੱਚ ਅਤੇ ਉਹਨਾਂ ਨੂੰ ਸਨਮਾਨ ਦੇਣ ਲਈ ਇੱਕ ਮੈਮੋਰੀਅਲ ਅਤੇ ਪ੍ਰਤੀਬਿੰਬ ਵਾਲੀ ਥਾਂ, ਜਿਹਨਾਂ ਨੇ ਸਭ ਤੋਂ ਵੱਡਾ ਬਲਿਦਾਨ ਦਿੱਤਾ ਅਤੇ ਸਾਡੇ ਨਿਵਾਸੀਆਂ ਦੀ ਰੱਖਿਆ ਕਰਦੇ ਹੋਏ ਆਪਣੀਆਂ ਜ਼ਿੰਦਗੀਆਂ ਗੁਆ ਦਿੱਤੀਆਂ
- ਸਿਟੀ ਦਾ ਟੀਚਾ ਐਲ.ਈ.ਈ.ਡੀ. “ਸਿਲਵਰ” (LEED “Silver”) ਅਤੇ ਫਿਟਵੈਲ (Fitwel) ਬਿਲਡਿੰਗ ਸਰਟੀਫਿਕੇਸ਼ਨ ਜਾਰੀ ਕਰਨ ਦਾ ਹੈ

**ਹਵਾਲੇ**

“ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਸਾਡੇ ਭਾਈਚਾਰੇ ਨੂੰ ਬੇਹੱਦ ਮਹੱਤਵਪੂਰਣ ਸੇਵਾਵਾਂ ਮੁਹੱਈਆ ਕਰਦਾ ਹੈ। ਇਹ ਕੈਂਪਸ ਸਾਡੇ ਸਟਾਫ਼ ਅਤੇ ਸਾਡੇ ਨਿਵਾਸੀਆਂ ਲਈ ਕਈ ਫ਼ਾਇਦੇ ਲੈ ਕੇ ਆਵੇਗਾ। ਓਪਰੇਸ਼ਨਾਂ ਨੂੰ ਸੈਂਟਰਲਾਈਜ਼ (ਕੇਂਦਰੀਕਰਨ) ਕਰਕੇ ਅਤੇ ਸੇਵਾ ਡਿਲੀਵਰੀ ਨੂੰ ਅਸਾਨ ਬਣਾ ਕੇ, ਸਾਡੀ ਟੀਮ, ਬ੍ਰੈਂਪਟਨ ਨੂੰ ਲਗਾਤਾਰ ਇੱਕ ਚੰਗੀ-ਤਰ੍ਹਾਂ ਸੰਚਾਲਿਤ ਸ਼ਹਿਰ ਬਣਾ ਸਕਦੀ ਹੈ ਅਤੇ ਐਮਰਜੈਂਸੀ ਪ੍ਰਬੰਧਨ ਅਤੇ ਪ੍ਰਤੀਕਿਰਿਆ ਵਿੱਚ ਸਰਬੋਤਮ ਸੇਵਾ ਦੇ ਸਕਦੀ ਹੈ।”

- *ਮੇਅਰ ਪੈਟਰਿਕ ਬ੍ਰਾਊਨ (Patrick Brown)*

BRAMPTON Flower City brampton.ca

media release

“ਸਾਡਾ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਵਿਭਾਗ, ਬ੍ਰੈਂਪਟਨ ਨੂੰ ਇੱਕ ਸਿਹਤਮੰਦ ਅਤੇ ਸੁਰੱਖਿਅਤ ਭਾਈਚਾਰਾ ਬਣਾਉਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਇਹ ਨਵਾਂ ਕੈਂਪਸ, ਇਸ ਬਿਲਡਿੰਗ ਲਈ ਐਲ.ਈ.ਈ.ਡੀ. “ਸਿਲਵਰ” ਅਤੇ ਫਿਟਵੈਲ ਬਿਲਡਿੰਗ ਸਰਟੀਫਿਕੇਸ਼ਨ ਜਾਰੀ ਕਰਨ ਰਾਹੀਂ, ਹਰੇ-ਭਰੇ ਸ਼ਹਿਰ ਦੇ ਨਿਰਮਾਣ ਦੇ ਪ੍ਰਤੀ ਸਾਡੀ ਵਚਨਬੱਧਤਾ ਨੂੰ ਵੀ ਦਰਸਾਉਂਦਾ ਹੈ।”

- *ਰੀਜਨ ਕਾਉਂਸਲਰ ਰੋਵੇਨਾ ਸੈਨਟੋਸ (Rowena Santos), ਚੇਅਰ, ਕਮਿਊਨਿਟੀ ਸਰਵਿਸਿਜ਼*

“ਅਸੀਂ ਹਮੇਸ਼ਾ ਸਾਡੇ ਭਾਈਚਾਰੇ ਨੂੰ ਸਾਡੀ ਸਰਬੋਤਮ ਸੇਵਾ ਪ੍ਰਦਾਨ ਕਰਨ ਦਾ ਯਤਨ ਕਰਦੇ ਹਾਂ। ਸਾਡੇ ਨਵੇਂ ਵਿਲੀਅਮਸ ਪਾਰਕਵੇ ਫਾਇਰ ਕੈਂਪਸ ਦੇ ਨਾਲ ਅਸੀਂ ਇਸਦੀਆਂ ਫੈਸਿਲਿਟੀਜ ਰਾਹੀਂ ਲਗਾਤਾਰ ਫਾਇਰਫਾਈਟਿੰਗ ਦਾ ਭਵਿੱਖ ਸੁਧਾਰ ਸਕਾਂਗੇ। ਇਹ ਸਾਨੂੰ ਬ੍ਰੈਂਪਟਨ ਦੇ ਉਹਨਾਂ ਫਾਇਰਫਾਈਟਰਾਂ ਨੂੰ ਯਾਦ ਕਰਨ ਅਤੇ ਉਹਨਾਂ ਨੂੰ ਸਨਮਾਨ ਦੇਣ ਲਈ ਇੱਕ ਮੈਮੋਰੀਅਲ ਥਾਂ ਪ੍ਰਦਾਨ ਕਰਦਾ ਹੈ, ਜਿਹਨਾਂ ਨੇ ਸਭ ਤੋਂ ਵੱਡਾ ਬਲਿਦਾਨ ਦਿੱਤਾ ਅਤੇ ਸਾਡੇ ਨਿਵਾਸੀਆਂ ਦੀ ਰੱਖਿਆ ਕਰਦੇ ਹੋਏ ਆਪਣੀਆਂ ਜ਼ਿੰਦਗੀਆਂ ਗੁਆ ਦਿੱਤੀਆਂ ਸਨ।”

- *ਚੀਫ ਬਿਲ ਬੋਇਸ (Bill Boyes), ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca